This question paper contains 2 printed pages]

Roll No. | | | | | | | | | | |

S. No. of Question Paper : 7858

Unique Paper Code : 62121101 GC

Name of the Paper : Punjabi Discipline

Name of the Course : B.A. (Prog.)

Semester : I

Duration : 3 Hours Maximum Marks : 75

*(Write your Roll No. on the top immediately on receipt of this question paper.)*

**ਨੋਟ : ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।**

1. ਕਹਾਣੀ ਦੀ ਪਰਿਭਾਸ਼ਾ ਦਿੰਦੇ ਹੋਏ ਉਸ ਦੇ ਪ੍ਰਮੁੱਖ ਤੱਤਾਂ ਬਾਰੇ ਵਿਸਥਾਰ ਨਾਲ ਲਿਖੋ। 15

ਜਾਂ

ਹੇਠ ਦਿੱਤੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਦਾ ਆਲੋਚਨਾਤਮਕ ਅਧਿਐਨ ਕਰੋ :

i. ਭੁਲੇਖਾ

ii. ਰਾਸ-ਲੀਲ੍ਹਾ

iii. ਪਛਾਣ

iv. ਕੁਲਫ਼ੀ

2. ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਕਿਸੇ **ਦੋ** ਦਾ ਸੰਖੇਪ ਉੱਤਰ ਦਿਉ : 5X2=10

i. ਰਾਸ-ਲੀਲ੍ਹਾ ਤੋਂ ਕੀ ਭਾਵ ਹੈ? ਰਾਸ ਲੀਲ੍ਹਾ ਕਹਾਣੀ ਵਿਚ ਕੌਣ ਕਿਸ ਨਾਲ ਰਾਸ-ਲੀਲ੍ਹਾ ਰਚਾ ਰਿਹਾ ਹੈ?

ii. 'ਬਾਗ਼ਾਂ ਦਾ ਰਾਖਾ' ਕਹਾਣੀ ਦੇ ਮੁੱਖ ਪਾਤਰ ਬਾਰੇ ਤੁਸੀਂ ਕੀ ਜਾਣਦੇ ਹੋ? ਸੰਖੇਪ ਵਿਚ ਲਿਖੋ।

iii. ਦੂਜਾ ਵਿਆਹ ਕਹਾਣੀ ਦੀ ਮੁੱਖ ਪਾਤਰ ਨਾਲ ਜਾਣ-ਪਛਾਣ ਕਰਾਓ।

3. ਸੂਫ਼ੀ-ਕਾਵਿ ਦੇ ਨਿਕਾਸ ਅਤੇ ਵਿਕਾਸ ਬਾਰੇ ਵਿਸਤਾਰ ਨਾਲ ਲਿਖੋ। 15

ਜਾਂ

'ਪੰਜਾਬੀ ਸੂਫ਼ੀ ਕਾਵਿ-ਸੁਰਾਂ' ਪਾਠ-ਪੁਸਤਕ ਵਿਚ ਕਿਹੜੇ-ਕਿਹੜੇ ਸੂਫ਼ੀ ਕਵੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ? ਕਿਸੇ ਇਕ ਬਾਰੇ ਆਪਣੇ ਵਿਚਾਰ ਪੇਸ਼ ਕਰੋ।

4. ਹੇਠ ਦਿੱਤੇ ਪ੍ਰਸ਼ਨਾਂ ਵਿਚੋਂ **ਦੋ** ਦੇ ਸੰਖੇਪ ਉੱਤਰ ਦਿਉ : 5X2=10

i) 'ਬਾਬਾ ਫ਼ਰੀਦ' ਜਾਂ 'ਹਾਸ਼ਮ' ਵਿਚੋਂ ਕਿਸੇ **ਇਕ** ਦੇ ਜੀਵਨ ਤੇ ਰਚਨਾ ਬਾਰੇ ਸੰਖੇਪ ਜਾਣ-ਪਛਾਣ ਕਰਾਓ।

ii) 'ਬੁਲ੍ਹੇ ਸ਼ਾਹ' ਦੀ ਸੂਫ਼ੀ ਵਿਚਾਰਧਾਰਾ ਉਪਰ ਸੰਖੇਪ ਨੋਟ ਲਿਖੋ।

iii) ਹੇਠ ਦਿੱਤੇ ਕਾਵਿ-ਬੰਦਾਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਜਿੰਦ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੇ ਧਾਇ॥

ਜਾਂ

ਦਰਦ ਵਿਛੋੜੇ ਦਾ ਹਾਲ ਨੀ ਮੈਂ ਕੈਨੂੰ ਆਖਾਂ,
ਸੂਲਾਂ ਮਾਰ ਦੀਵਾਨੀ ਕੀਤੀ
ਬਿਰਹੁੰ ਪਾਇਆ ਸਾਡੇ ਖ਼ਿਆਲ, ਨੀ ਮੈਂ ਕੈਨੂੰ ਆਖਾਂ
ਸੂਲਾ ਕੀ ਰੋਟੀ, ਦੁੱਖਾਂ ਦਾ ਲਾਵਣ
ਹੱਡਾਂ ਦਾ ਬਾਲਣ ਬਾਲ,
ਨੀ ਮੈਂ ਕੈਨੂੰ ਆਖਾਂ

5. ਹੇਠ ਲਿਖੇ ਛੰਦਾਂ ਵਿਚੋਂ ਕਿਸੇ ਦੋ ਬਾਰੇ ਉਦਾਹਰਣ ਸਹਿਤ ਲਿਖੋ : 10

ਚੌਪਈ, ਸਿਰਖੰਡੀ, ਬੈਂਤ

6. ਹੇਠ ਦਿੱਤੇ ਵਿਸ਼ਿਆਂ ਵਿਚੋਂ ਕਿਸੇ ਇਕ ਉੱਪਰ ਪੈਰ੍ਹਾ ਰਚਨਾ ਲਿਖੋ : 05

i) ਨਾਨਕ ਦੁਖੀਆ ਸਭੁ ਸੰਸਾਰ
ii) ਪਰਿਵਰਤਨ ਹੀ ਜੀਵਨ ਦਾ ਨਿਯਮ ਹੈ
iii) ਮੇਰਾ ਜੀਵਨ ਉਦੇਸ਼

7. ਹੇਠ ਦਿੱਤੇ ਅਖਾਣਾਂ ਵਿਚੋਂ ਕਿਸੇ ਪੰਜ ਦੇ ਅਰਥ ਲਿਖ ਕੇ ਵਾਕ ਬਣਾਓ : 10

ਉਹ ਕਿਹੜੀ ਗਲੀ, ਜਿੱਥੇ ਭਾਗੋ ਨਹੀਂ ਖਲੀ,
ਊਠ ਦੇ ਗਲ ਟੱਲੀ,
ਉਲਟੀ ਵਾੜ ਖੇਤ ਨੂੰ ਖਾਏ,
ਆਪ ਭਲਾ ਜੱਗ ਭਲਾ,
ਉਠਿਆ ਜਾਏ ਨਾ ਤੇ ਫਿੱਟੇ ਮੂੰਹ ਗੋਡਿਆਂ ਦਾ,
ਅਕਲ ਦਾ ਅੰਨ੍ਹਾ ਗੰਢ ਦਾ ਪੂਰਾ
ਇਕ ਪੰਥ ਦੋ ਕਾਜ